بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.12 .2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਾਰਿਆਂ ਸ਼ਿਕਾਇਤ ਕਰਨ ਵਾਲਿਆਂ'ਤੇ ਸਪਸ਼ਟ ਹੋਣਾ ਚਾਹੀਦਾ ਹੈ, ਜੋ ਨਾਂ ਨਹੀਂ ਲਿਖੱਦੇ, ਕਿ ਉਹਨਾ ਦਾ ਇਹ ਕਾਰਜ, ਕਿ ਆਪਣੀ ਸ਼ਨਾਖ਼ਤ ਕਰਾਏ ਬਿਨਾ ਸ਼ਿਕਾਇਤ ਕਰਨ, ਇਹ ਕੁਰਆਨ ਕਰੀਮ ਦੇ ਆਦੇਸ਼ ਵਿਰੁਧ ਹੈ**

**ਕਿਸੇ ਦੀ ਸ਼ਿਕਾਇਤ ਉਪੱਰ ਫ਼ੈਸਲਾ ਰੱਬ ਦੇ ਦੱਸੇ ਹੋਏ ਤਰੀਕੇ ਅਨੁਸਾਰ ਹੋਵੇਗਾ**

**ਸਮੇਂ ਦੇ ਖ਼ਲੀਫ਼ਾ ਵੱਲੋਂ ਜੋ ਨਿਯੁਕਤ ਕੀਤੇ ਗਏ ਹਨ ਫ਼ੈਸਲਾ ਕਰਨ ਸਮੇਂ ਰੱਬ ਉਹਨਾਂ ਨੂੰ ਸੰਜੋਗ ਪ੍ਰਦਾਨ ਕਰੇ ਕਿ ਉਹ ਨਿਆਂ ਦੇ ਹਰ ਪੱਖ ਨੂੰ ਸੰਮੁੱਖ ਰਖੱਦਿਆਂ ਹੋਇਆਂ ਅਤੇ ਰੱਬ ਦੇ ਆਦੇਸ਼ਾਂ ਉਪੱਰ ਚਲੱਦਿਆਂ ਹੋਇਆਂ ਅਤੇ ਸੁਨੱਤੇ ਰਸੂਲ ਅਨੁਸਾਰ ਫ਼ੈਸਲਾ ਕਰਨ ਵਾਲੇ ਬਣਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 02 ਦਸੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਕਈ ਲੋਕ ਕੁਝ ਅਹੁਦੇਦਾਰਾਂ ਵਿਰੁਧ ਜਾਂ ਕਈ ਅਜਿਹੇ ਲੋਕਾਂ ਵਿਰੁਧ ਜੋ ਅਹੁਦੇਦਾਰ ਨਹੀਂ ਸ਼ਿਕਾਇਤ ਕਰਦੇ ਹਨ ਕਿ ਇਹ ਇਹੋ ਜਿਹੇ ਹਨ । ਇਸ ਨੇ ਫ਼ਲਾਣਾ ਜੁਰਮ ਕੀਤਾ ਅਤੇ ਉਸ ਨੇ ਫ਼ਲਾਣੀ ਸ਼ਰੀਅਤ ਵਿਰੁਧ ਹਰਕਤ ਕੀਤੀ । ਸੋ, ਫ਼ੌਰੀ ਉਹਨਾਂ ਵਿਰੁਧ ਕਾਰਵਾਈ ਹੋਣੀ ਚਾਹੀਦੀ ਹੈ ਕਿਉਂਕਿ ਇਹ ਲੋਕ ਜਮਾਤ ਨੂੰ ਬਦਨਾਮ ਕਰ ਰਹੇ ਹਨ । ਪਰੰਤੂ ਅਧਿਕਤਰ ਅਜਿਹਾ ਲਿਖੱਣ ਵਾਲੇ ਆਪਣੀਆਂ ਸ਼ਿਕਾਇਤਾਂ ਵਿੱਚ ਆਪਣਾ ਨਾਂ ਨਹੀਂ ਲਿਖੱਦੇ ਜਾਂ ਫ਼ਰਜ਼ੀ ਨਾਂ ਤੇ ਫ਼ਰਜ਼ੀ ਪਤਾ ਲਿਖੱਦੇ ਹਨ । ਅਜਿਹੇ ਲੋਕਾਂ ਦੀ ਸ਼ਿਕਾਇਤਾਂ ਉਪੱਰ ਸਪਸ਼ਟ ਹੈ ਕੋਈ ਕਾਰਵਾਈ ਨਹੀਂ ਹੁੰਦੀ ਅਤੇ ਨ ਹੀ ਹੋ ਸਕਦੀ ਹੈ ਅਤੇ ਜੱਦ ਕੁਝ ਸਮਾਂ ਲੰਘ ਜਾਂਦਾ ਹੈ ਤਾਂ ਫਿਰ ਸ਼ਿਕਾਇਤ ਆਉਂਦੀ ਹੈ ਕਿ ਮੈਂ ਲਿੱਖਿਆ ਸੀ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ, ਜੇਕਰ ਕੋਈ ਕਾਰਵਾਈ ਨ ਹੋਈ ਤਾਂ ਬਹੁਤ ਜ਼ੁਲਮ ਹੋ ਜਾਵੇਗਾ । ਇਹ ਬੇਨਾਮੀ ਸ਼ਿਕਾਇਤ ਕਰਨ ਦੀ ਬਿਮਾਰੀ ਜੋ ਹੈ ਇਹ ਪਾਕਿਸਤਾਨ ਤੇ ਭਾਰਤ ਦੇ ਲੋਕਾਂ ਵਿੱਚ ਬਹੁਤੀ ਹੈ । ਇਹ ਕੋਈ ਨਵੀਂ ਚੀਜ਼ ਨਹੀਂ ਹੈ, ਹਰ ਸਮੇਂ ਅਜਿਹੇ ਲੋਕ ਪਾਏ ਜਾਂਦੇ ਰਹੇ ਹਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਸਮੇਂ ਵਿੱਚ ਵੀ, ਤੀਜੀ ਖ਼ਿਲਾਫ਼ਤ ਸਮੇਂ ਵੀ, ਚੋਥੀ ਖ਼ਿਲਾਫਤ ਸਮੇਂ ਵੀ ਇਹ ਸ਼ਿਕਾਇਤ ਕਰਨ ਵਾਲੇ ਮੌਜੂਦ ਸਨ ਜੋ ਬੇਨਾਮੀ ਸ਼ਿਕਾਇਤਾਂ ਕੀਤਾ ਕਰਦੇ ਸਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਨੇ ਇਕ ਅਜਿਹੀ ਸ਼ਿਕਾਇਤ ਉਪੱਰ ਇਕ ਖ਼ੁਤਬਾ ਦਿੱਤਾ ਸੀ ਕਿਉਂਕਿ ਇਹ ਅਜਿਹੇ ਲੋਕਾਂ ਦਾ ਮੂੰਹ ਬੰਦ ਕਰਨ ਲਈ ਇਕ ਬਹੁਤ ਹੀ ਠੋਸ ਤੇ ਸਪਸ਼ਟ ਖੁਤਬਾ ਹੈ ਇਸ ਲਈ ਇਸ ਖੁਤਬੇ ਵਿੱਚੋਂ ਮੈਂ ਲਾਭ ਚੁੱਕਦਿਆਂ ਹੋਇਆਂ ਕੁਝ ਆਖਣ ਦਾ ਸੋਚਿਆ ਹੈ :

ਜੋ ਸ਼ਿਕਾਇਤ ਕਰਨ ਵਾਲੇ ਆਪਣਾ ਨਾਂ ਨਹੀਂ ਲਿਖੱਦੇ ਜਾਂ ਫ਼ਰਜੀ ਨਾਂ ਲਿਖੱਦੇ ਹਨ, ਪਹਿਲੀ ਗੱਲ ਤਾਂ ਇਹ ਹੈ ਕਿ ਇਹ ਪਖੰਡ ਹੁੰਦਾ ਹੈ ਜਾਂ ਉਹ ਝੂਠੇ ਹੁੰਦੇ ਹਨ । ਜੇਕਰ ਉਹਨਾਂ ਵਿੱਚ ਜੁਰੱਤ ਤੇ ਸਚੱਾਈ ਹੁੰਦੀ ਤਾਂ ਕਿਸੇ ਵੀ ਗੱਲ ਦੀ ਪਰਵਾਹ ਕਰਨ ਵਾਲੇ ਨ ਹੋਣ । ਅਹਿਦ (ਪ੍ਰਣ) ਤਾਂ ਇਹ ਕਰਦੇ ਹਨ ਕਿ ਅਸੀਂ ਜਾਨ, ਮਾਲ, ਸਮਾਂ ਤੇ ਸਨਮਾਨ ਕੁਰਬਾਨ ਕਰਨ ਲਈ ਹਰ ਸਮੇਂ ਤਿਆਰ ਰਹਾਂਗੇ ਅਤੇ ਜੱਦ ਮਾਮਲਾ ਉਹਨਾਂ ਦੇ ਵਿਚਾਰ ਵਿੱਚ ਜਮਾਤ ਦੇ ਸਨਮਾਨ ਤੇ ਵਕਾਰ ਦਾ ਆਉਂਦਾ ਹੈ ਤਾਂ ਆਪਣਾ ਨਾਂ ਲੁਕਾਉਣ ਲੱਗ ਜਾਂਦੇ ਹਨ ਤਾਂ ਜੋ ਕਿਤੇ ਉਹਨਾਂ ਦੇ ਵਕਾਰ ਅਤੇ ਉਹਨਾ ਦੇ ਸਨਮਾਨ ਨੂੰ ਹਾਨ ਨ ਪਹੁੰਚੇ । ਸੋ, ਜਿਸ ਨੇ ਅਰੰਭ ਵਿੱਚ ਹੀ ਕਮਜ਼ੋਰੀ ਦਿਖਾ ਦਿੱਤੀ ਉਸ ਦੀਆਂ ਬਾਕੀ ਗੱਲਾਂ ਵੀ ਗਲਤ ਹੋਣ ਦੀ ਵੱਡੀ ਸੰਭਾਵਨਾ ਹੈ ।

ਕੁਰਆਨ ਕਰੀਮ ਵਿੱਚ ਤਾਂ ਰੱਬ ਫ਼ਰਮਾਉਂਦਾ ਹੈ ਕਿ ਤੁਹਾਡੇ ਕੋਲ ਕੋਈ ਖ਼ਬਰ ਪਹੁੰਚੇ ਤਾਂ ਛਾਣਬੀਨ ਕਰ ਲਿਆ ਕਰੋ ਅਤੇ ਇਹ ਗੱਲ ਹਰ ਸੂਝਵਾਨ ਜਾਣਦਾ ਹੈ ਕਿ ਪਹੁੰਚਾਉਣ ਵਾਲੇ ਦੀ ਗੱਲ ਸੁਣ ਕੇ ਝੱਟ ਉਸ ਗੱਲ ਬਾਰੇ ਖੋਜ ਸ਼ੁਰੂ ਨਹੀਂ ਹੋ ਸਕਦੀ ਨ ਹੁੰਦੀ ਹੈ ਸਗੋਂ ਇਹ ਦੇਖਿਆ ਜਾਂਦਾ ਹੈ ਕਿ ਇਹ ਗੱਲ ਪਹੁੰਚਾਉਣ ਵਾਲਾ ਆਪ ਕਿਹੋ ਜਿਹਾ ਹੈ, ਉਸੇ ਤੋਂ ਹੀ ਖੋਜ ਦੇ ਕੰਮ ਦਾ ਅਰੰਭ ਹੁੰਦਾ ਹੈ । ਗੱਲ ਪਹੁੰਚਾਉਣ ਵਾਲੇ ਬਾਰੇ ਪਹਿਲਾਂ ਖੋਜ ਹੋਵੇਗੀ ਕਿ ਕੀ ਉਹ ਹਰ ਪ੍ਰਕਾਰ ਦੀਆਂ ਬੁਰਾਈਆਂ ਤੋਂ ਪਾਕ ਹੈ, ਕਿਤੇ ਉਹ ਆਪ ਤਾਂ ਕਿਸੇ ਬੁਰਾਈ ਵਿੱਚ ਲਿਪਤ ਤਾਂ ਨਹੀਂ ? ਅਵਿਸ਼ਵਸਨੀ ਤਾਂ ਨਹੀਂ ? ਇਹ ਨ ਹੋਵੇ ਕਿ ਆਪ ਤਾਂ ਅਵਿਸ਼ਵਾਸੀ ਹੋਵੇ ਅਤੇ ਦੂਜਿਆਂ ਉਪੱਰ ਆਰੋਪ ਲਾ ਰਿਹਾ ਹੋਵੇ ਕਿ ਐਸਾ ਹੈ ਵੈਸਾ ਹੈ । ਸੋ, ਛਾਣਬੀਨ ਕਰਨ ਤੋਂ ਪਹਿਲਾਂ ਇਹ ਦੇਖਣਾ ਪੈਂਦਾ ਹੈ ਕਿ ਸ਼ਿਕਾਇਤ ਕਰਨ ਵਾਲਾ ਕਿਹੋ ਜਿਹਾ ਹੈ ਮੋਮਿਨ ਹੈ ਜਾਂ ਫ਼ਾਸਕ ਹੈ ? (ਈਮਾਨਦਾਰ ਹੈ ਜਾਂ ਬੇਈਮਾਨ) ਜੱਦ ਸ਼ਿਕਾਇਤ ਕਰਨ ਵਾਲੇ ਬਾਰੇ ਜਾਨਕਾਰੀ ਹੀ ਨਹੀਂ ਤਾਂ ਇਹ ਵੀ ਪਤਾ ਨਹੀਂ ਲੱਗ ਸਕਦਾ ਕਿ ਉਹ ਕਿਸ ਵਰਗ ਵਿੱਚ ਆਉਂਦਾ ਹੈ । ਹਾਂ, ਇਹ ਸੰਭਵ ਹੈ ਕਿ ਜੇਕਰ ਕੋਈ ਲਿਖੱਣ ਵਾਲਾ ਅਜਿਹੀ ਗੱਲ ਲਿਖੱਦਾ ਹੈ ਜੋ ਜਮਾਤ ਦੇ ਹਿੱਤ ਨੂੰ ਹਾਨ ਪਹੁੰਚਾਉਣ ਵਾਲੀ ਹੈ ਤਾਂ ਫਿਰ ਆਪਣੇ ਤੌਰ'ਤੇ ਖੋਜ ਕਰ ਲਈ ਜਾਂਦੀ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਹ ਅਨਹੁ ਫ਼ਰਮਾਉਂਦੇ ਹਨ ਕਿ ਕੁਰਆਨ ਕਰੀਮ ਦੀ ਇਹ ਸਿੱਖਿਆ ਹੈ, ਰੱਬ ਕੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ ਕਿ (اِنۡ جَآءَكُمۡ فَاسِقٌۢ بِنَبَاٍ فَتَبَيَّنُوۡٓا) ਇਨ ਜਾਆਕੁਮ ਫ਼ਾਸਿਕੁੰਮ ਬਿਨਾਬਾਇਨ ਫ਼ਾਤਾਬਯੱਾਨੂ ।

ਜੇਕਰ ਤੁਹਾਡੇ ਕੋਲ ਕੋਈ ਫ਼ਾਸਕ (ਅਨੈਤਿਕ, ਬਦਕਾਰ) ਸ਼ਿਕਾਇਤ ਲੈਕੇ ਆਉਂਦਾ ਹੈ ਅਤੇ ਕਿਸੇ ਬਾਰੇ ਕੋਈ ਬੁਰੀ ਗੱਲ ਕਹਿੰਦਾ ਹੈ ਤਾਂ ਉਸ ਦੀ ਛਾਣਬੀਨ ਕਰੋ । ਫਿਰ ਉਸ ਦੇ ਬਾਦ ਕੋਈ ਕਾਰਵਾਈ ਕਰੋ, ਪਰ ਸ਼ਿਕਾਇਤ ਕਰਨ ਵਾਲੇ ਇਕ ਤਾਂ ਆਪਣਾ ਨਾਂ ਨ ਲਿੱਖਕੇ ਆਪ ਮੁਜਰਮ ਬਣਦੇ ਹਨ ਫਿਰ ਇਹ ਵੀ ਕਹਿੰਦੇ ਹਨ ਕਿ ਉਹਨਾਂ ਦੀ ਗੱਲ ਵੀ ਉਸੇ ਪ੍ਰਕਾਰ ਕੁਬੂਲ ਕੀਤੀ ਜਾਵੇ ਜਿਵੇਂ ਉਹਨਾਂ ਨੇ ਲਿਖੀ ਹੈ ਅਤੇ ਜਿਸ ਦੇ ਵਿਰੁਧ ਸ਼ਿਕਾਇਤ ਹੈ ਝੱਟ ਉਸ ਲਈ ਦੰਡ ਦਾ ਆਦੇਸ਼ ਲਾਗੂ ਕਰ ਦਿੱਤਾ ਜਾਵੇ । ਹਜ਼ਰਤ ਮੁਸਲਿਹ ਮੌਊਦ ਰਜ਼ੀਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ 'ਫ਼ਾਸਕ' ਦੇ ਅਰਥ ਕੇਵਲ ਬਦਕਾਰ ਦੇ ਹੀ ਨਹੀਂ ਹਨ, ਇਸ ਵਿੱਚ ਕੋਈ ਸੰਦੇਹ ਨਹੀਂ ਕਿ ਅਰਬੀ ਵਿੱਚ ਬਦਕਾਰ ਨੂੰ ਵੀ ਫ਼ਾਸਕ ਕਹਿੰਦੇ ਹਨ ਪਰ ਕੋਸ਼ ਅਨੁਸਾਰ 'ਫ਼ਾਸਕ' ਉਸ ਨੂੰ ਵੀ ਕਹਿੰਦੇ ਹਨ ਜੋ ਤਿੱਖੇ ਸੁਭਾਵ ਦਾ ਹੋਵੇ, ਗੱਲ ਗੱਲ'ਤੇ ਲੜ ਪੈਂਦਾ ਹੋਵੇ, 'ਫ਼ਿਸਕ' ਦੇ ਅਰਥ ਘੱਟ ਆਗਿਆਕਾਰੀ ਦੇ ਵੀ ਹਨ, ਆਗਿਆਕਾਰੀ ਤੋਂ ਬਾਹਰ ਨਿਕਲਣ ਵਾਲਾ ਵੀ 'ਫ਼ਾਸਕ' ਹੈ । 'ਫ਼ਾਸਕ' ਦੇ ਅਰਥ ਸਹਿਯੋਗ ਨ ਕਰਨ ਵਾਲੇ ਦੇ ਵੀ ਹਨ । ਫ਼ਾਸਕ ਦੇ ਅਰਥ ਉਸ ਮਨੁੱਖ ਦੇ ਵੀ ਹਨ ਜੋ ਲੋਕਾਂ ਦੇ ਛੋਟੇ ਛੋਟੇ ਕਸੂਰਾਂ (ਦੋਸ਼ਾਂ) ਨੂੰ ਲੈਕੇ ਵਧਾ ਚੜ੍ਹਾਕੇ ਪੇਸ਼ ਕਰਦਾ ਹੈ ਅਤੇ ਫਿਰ ਇਹ ਵੀ ਕਹਿੰਦਾ ਹੈ ਕਿ ਉਸ ਨੂੰ ਅਤਿਅੰਤ ਦੰਡ ਮਿਲਣਾ ਚਾਹੀਦਾ ਹੈ । ਕੋਈ ਮੁਆਫ਼ੀ ਦੀ ਸੰਭਾਵਨਾ ਨਹੀਂ ਹੈ । ਤਿੱਖੇ ਸੁਭਾਵ ਵਾਲੇ ਨੂੰ ਵੀ ਫ਼ਾਸਕ ਕਹਿੰਦੇ ਹਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਅਹਮਦੀ ਮਿੱਤਰ ਬਾਰੇ ਵਰਨਣ ਕਰਦੇ ਹਨ, ਪੁਰਾਣੇ ਮੁਖ਼ਲਸ ਅਹਮਦੀ ਸਨ । ਜਿੱਥੋਂ ਤੱਕ ਉਹਨਾਂ ਦੇ ਆਚਰਣ ਦਾ ਸੰਬੰਧ ਹੈ ਉਸ ਵਿੱਚ ਕੋਈ ਸੰਦੇਹ ਨਹੀਂ ਪਰ ਉਹਨਾਂ ਨੂੰ ਛੋਟੀ ਜਿਹੀ ਗੱਲ ਉਪੱਰ ਅਤਿਅੰਤ ਫ਼ਤਵੇ ਲਾਉਣ ਦੀ ਆਦਤ ਸੀ । ਆਪ

ਕਹਿੰਦੇ ਹਨ ਕਿ ਉਹਨਾਂ ਦੇ ਸੁਭਾਵ ਵਿੱਚ ਇਹ ਰੋਗ ਸੀ ਕਿ ਛੋਟੀ ਛੋਟੀ ਗਲੱਾਂ ਨੂੰ ਲੈਕੇ ਕੁਫ਼ਰ ਤੋਂ ਉਰੇ ਨਹੀਂ ਠਹਿਰਦੇ ਸਨ, ਕੋਈ ਗੱਲ ਫੜੀ ਤੇ ਕੁਫ਼ਰ ਦਾ ਫ਼ਤਵਾ ਲਾ ਦਿਤੱਾ । ਬਹਿਰਹਾਲ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਅਜਿਹੇ ਕਾਹਲਿਆਂ (ਜਲਦਬਾਜ਼ਾਂ) ਦੀ ਇਹ ਉਧਾਰਣ ਦਿੱਤੀ ਹੈ ਭਾਵੇਂ ਉਹ ਸ਼ੁਭਚਿੰਤਕ ਵੀ ਹੋਣ । ਜੋ ਨਾਂ ਵੀ ਲੁਕਾਉਂਦਾ ਹੋਵੇ ਅਤੇ ਆਪ ਵੀ ਈਮਾਨ ਵਿੱਚ ਕਮਜ਼ੋਰ ਹੋਵੇ ਅਤੇ ਦੂਜਿਆਂ ਉਪੱਰ ਫ਼ਤਵੇ ਵੀ ਲਾਉਂਦਾ ਹੈ, ਉਹ ਤਾਂ ਇਹਨਾਂ ਸਾਰਿਆਂ ਅਰਥਾਂ ਦੇ ਪੱਖੋਂ ਜੋ 'ਫ਼ਾਸਕ' ਦੇ ਦੱਸੇ ਗਏ ਹਨ 'ਫ਼ਾਸਕ' ਹੀ ਠਹਿਰਦਾ ਹੈ ।

ਸੋ, ਇਹਨਾਂ ਸਾਰਿਆਂ ਸ਼ਿਕਾਇਤਾਂ ਕਰਨ ਵਾਲਿਆਂ'ਤੇ ਸਪਸ਼ਟ ਹੋਣਾ ਚਾਹੀਦਾ ਹੈ, ਜੋ ਨਾਂ ਨਹੀਂ ਲਿਖੱਦੇ, ਕਿ ਉਹਨਾਂ ਦਾ ਇਹ ਕਾਰਜ, ਕਿ ਆਪਣੀ ਸ਼ਨਾਖਤ ਦੇ ਬਿਨਾ ਸ਼ਿਕਾਇਤ ਕਰਨ, ਕੁਰਆਨ ਕਰੀਮ ਦੇ ਆਦੇਸ਼ਾਂ ਦੇ ਵਿਰੁਧ ਹੈ । ਕਿਉਂਕਿ ਕੁਰਆਨ ਕਰੀਮ ਕਹਿੰਦਾ ਹੈ ਕਿ ਪਹਿਲਾਂ ਸ਼ਿਕਾਇਤ ਕਰਨ ਵਾਲੇ ਬਾਰੇ ਪੁੱਛਗਿੱਛ ਕਰੋ । ਜੇਕਰ ਕੇਵਲ ਸ਼ਿਕਾਇਤ ਕਰਨ ਵਾਲੇ ਦੀ ਗੱਲ'ਤੇ ਹੀ ਬਿਨਾ ਪੁੱਛ ਪੜਤਾਲ ਕੀਤਿਆਂ ਅਮਲ ਹੋਣ ਲੱਗ ਜਾਵੇ, ਜਿਸ ਦੀ ਉਹ ਮੰਗ ਕਰਦਾ ਹੈ ਤਾਂ ਜਮਾਤ ਤਰੱਕੀ ਕਰਨ ਦੀ ਥਾਂ ਪਤਨ ਵੱਲ ਜਾਣਾ ਸ਼ੁਰੂ ਹੋ ਜਾਵਗੀ । ਸਮੇਂ ਦੇ ਖ਼ਲੀਫ਼ਾ ਦੀ ਵੀ ਅਤੇ ਜਮਾਤੀ ਵਿਵਸਥਾ ਦੀ ਵੀ ਕੋਈ ਖੋਜ ਪੜਤਾਲ ਨਹੀਂ ਹੋਵੇਗੀ, ਜੋ ਕੋਈ ਕਹੇਗਾ ਉਸ ਅਨੁਸਾਰ ਅਮਲ ਹੋਣਾ ਸ਼ੁਰੂ ਹੋ ਜਾਵੇਗਾ ਅਤੇ ਇਹ ਚੀਜ ਫਿਰ ਤਰੱਕੀ ਵੱਲ ਨਹੀਂ ਲੈ ਜਾ ਸਕਦੀ । ਹਰ ਕੋਈ ਉੱਠੇਗਾ ਅਤੇ ਕਹੇਗਾ ਕਿ ਮੇਰੀ ਇਛੱਾ ਅਨੁਸਾਰ ਫ਼ਸਲੇ ਕੀਤੇ ਜਾਣ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਕਿ ਅਸੀਂ ਜਾਣਦੇ ਵੀ ਹੋਈਏ ਕਿ ਸ਼ਿਕਾਇਤ ਕਰਨ ਵਾਲਾ ਵਿਅਕਤੀ ਬਹੁਤ ਸਾਵਧਾਨ ਹੈ, ਸੁਮਾਰਗੀ ਵੀ ਹੈ ਤੇ ਈਮਾਨਦਾਰ ਵੀ ਹੈ, ਜੇਕਰ ਉਹ ਕਿਸੇ ਦੀ ਸ਼ਿਕਾਇਤ ਕਰਦਾ ਹੈ ਤਾਂ ਵੀ ਸਭ ਕੁਝ ਜਾਣਦਿਆਂ ਹੋਇਆਂ ਵੀ ਨਿਸ਼ਚੇ ਹੀ ਉਸ ਦੀ ਪੁੱਛ ਪੜਤਾਲ ਕਰਨੀ ਪਏਗੀ ਅਤੇ ਖੋਜ ਹੋਵੇਗੀ । ਆਪ ਫ਼ਰਮਾਉਦੇ ਹਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਇਕ ਵਾਰ ਨਮਾਜ਼ ਪੜ੍ਹਾ ਰਿਹੇ ਸਨ, ਨਮਾਜ਼ ਵਿੱਚ ਕੋਈ ਗ਼ਲਤੀ ਹੋ ਗਈ ਤਾਂ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਮੁਕਤਦੀਆਂ (ਇਮਾਮ ਪਿੱਛੇ ਨਮਾਜ਼ ਪੜਨ ਵਾਲਿਆਂ) ਵਿੱਚ ਸ਼ਾਮਲ ਸਨ, ਉਹਨਾਂ ਨੇ ਲੁਕਮਾ (ਤ੍ਰੁਟੀ ਦੀ ਦੁਰੁਸਤੀ ਕਰਾਉਣੀ) ਦਿੱਤਾ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਸ ਨੂੰ ਪਸੰਦ ਨਹੀਂ ਫ਼ਰਮਾਇਆ । ਆਪ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਕਿਸ ਨੇ ਕਿਹਾ ਕਿ ਲੁਕਮਾ ਦਿਓ । ਆਪ ਫ਼ਰਮਾਉਂਦੇ ਹਨ ਕਿ ਪਸੰਦ ਨ ਕਰਨ ਦਾ ਇਕ ਇਹ ਵੀ ਅਰਥ ਹੋ ਸਕਦਾ ਹੈ ਕਿ ਤੁਹਾਡੇ ਜ਼ਿੰਮੇ ਹੋਰ ਬਹੁਤ ਕੰਮ ਹਨ ਇਹਨਾਂ ਛੋਟੇ ਛੋਟੇ ਕੰਮਾ ਨੂੰ ਹੋਰਨਾ ਲਈ ਰਹਿਣ ਦਿਓ ਅਤੇ ਇਹ ਵੀ ਅਰਥ ਹੋ ਸਕਦਾ ਹੈ ਕਿ ਇਹ ਕੰਮ ਉਹਨਾਂ ਕਾਰੀਆਂ ਦਾ ਹੈ ਜੋ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਕੁਰਆਨ ਕਰੀਮ ਸਿਖੱਦੇ ਸਨ, ਤੁਸੀਂ ਇਹ ਕੰਮ ਉਹਨਾਂ ਕਾਰੀਆਂ ਲਈ ਰਹਿਣ ਦਿਓ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਆਪਣੇ ਕੋਲ ਬੇਨਾਮ ਸ਼ਿਕਾਇਤਾਂ ਕਰਨ ਵਾਲਿਆਂ ਬਾਰੇ ਫ਼ਰਮਾਉਦੇ ਹਨ ਕਿ ਹੋ ਸਕਦਾ ਹੈ ਸ਼ਿਕਾਇਤ ਕਰਨ ਵਾਲਾ ਕੋਈ ਵਡੱਾ ਵਿਕਅਤੀ ਹੋਵੇ ਤਾਂ ਮੈਂ ਉਸ ਨੂੰ ਕਹਾਂਗਾ ਕਿ ਤੁਸੀਂ ਇਹਨਾਂ ਗਲੱਾਂ ਨੂੰ ਕਿਸੇ ਹੋਰ ਲਈ ਰਹਿਣ ਦਿਓ ਅਤੇ ਆਪਣੇ ਅਸਲ ਉਦੇਸ਼ ਵੱਲ ਧਿਆਨ ਦਿਓ । ਸੋ, ਲਿਖੱਣ ਵਾਲੇ ਨੇ ਆਪਣਾ ਨਾਂ ਪ੍ਰਗਟ ਨਹੀਂ ਕੀਤਾ ਇਸ ਲਈ ਉਸ ਦੇ ਦਰਜੇ ਤੇ ਸਿਥਿਤੀ ਦਾ ਪਤਾ ਨਹੀਂ ਲੱਗ ਸਕਦਾ, ਉਸ ਨੂੰ ਸਮਝਾਇਆ ਨਹੀਂ ਜਾ ਸਕਦਾ । ਦੂਜੀ ਗੱਲ ਇਹ ਹੈ ਕਿ ਇਕ ਪਾਸੇ ਤਾਂ ਉਹ ਲੋਕਾਂ ਦੀ ਸ਼ਿਕਾਇਤ ਕਰ ਰਿਹਾ ਹੈ ਕਿ ਉਹ ਕਰਆਨ ਕਰੀਮ ਅਤੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸਿੱਖਿਆ ਵਿੱਰੁਧ ਕੰਮ ਕਰਦੇ ਹਨ ਅਤੇ ਦੂਜੇ ਪਾਸੇ ਆਪ ਉਸ ਦੇ ਵਿਰੁਧ ਜਾਂਦਾ ਹੈ ਕਿ ਉਸ ਨੇ ਸ਼ਿਕਾਇਤ ਕੀਤੀ ਅਤੇ ਸ਼ਿਕਾਇਤ ਤੇ ਉਸ ਪ੍ਰਮਾਣ ਦੀਆਂ ਜੋ ਸ਼ਰਤਾਂ ਰੱਖੀਆਂ ਹਨ ਉਹ ਉਹਨਾਂ ਨੂੰ ਆਪ ਤੋੜ ਰਿਹਾ ਹੈ ਅਤੇ ਅਧਿਕਤਰ ਲੋਕ ਇਹੋ ਕਰਦੇ ਹਨ । ਮੈਨੂੰ ਵੀ ਜੱਦ ਲਿਖੱਦੇ ਹਨ ਤਾਂ ਇਹਨਾਂ ਸ਼ਰਤਾਂ ਨੂੰ ਤੋੜ ਰਹੇ ਹੁੰਦੇ ਹਨ । ਅਸਲ ਚੀਜ਼ ਤਾਂ ਕੁਰਆਨ ਕਰੀਮ ਦੇ ਆਦੇਸ਼ਾਂ ਉਪੱਰ ਅਤੇ ਸੁਨੱਤੇ ਰਸੂਲ ਉਪੱਰ ਅਮਲ ਕਰਨਾ ਹੀ ਹੈ ਅਤੇ ਕੁਰਆਨ ਕਰੀਮ ਤਾਂ ਇਹ ਕਹਿੰਦਾ

ਹੈ ਕਿ ਖੁੱਲਕੇ ਜੱਦ ਗੱਲ ਕੀਤੀ ਜਾਵੇ ਤਾਂ ਉਸ ਦੇ ਪ੍ਰਮਾਣ ਵੀ ਉਪਲਭਦ ਕਰਾਏ ਜਾਣ, ਖੋਜ ਵੀ ਕੀਤੀ ਜਾਵੇ । ਜੱਦ ਨਾਂ ਹੀ ਨਹੀਂ ਪ੍ਰਕਟ ਹੋ ਰਿਹਾ ਤਾਂ ਖੋਜ ਕਿਵੇਂ ਹੋਵੇਗੀ ਅਤੇ ਇਹ ਕੁਰਆਨ ਕਰੀਮ ਦੇ ਆਦੇਸ਼ਾਂ ਦੇ ਉਕੱਾ ਹੀ ਵਿਪਰੀਤ ਹੈ । ਸੋ, ਸ਼ਿਕਾਇਤ ਕਰਨ ਵਾਲਾ ਆਪ ਕੁਰਆਨ ਕਰੀਮ ਦੇ ਆਦੇਸ਼ ਨੂੰ ਤੋੜਦਾ ਹੈ । ਕੁਰਆਨ ਕਰੀਮ ਦੀ ਸਿੱਖਿਆ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸਿੱਖਿਆ ਉਪੱਰ ਅਮਲ ਕਰਨਾ ਹੀ ਨੇਕੀ ਹੈ ਇਹ ਗੱਲ ਹਮੇਸ਼ਾ ਚੇਤੇ ਰਖੱਣੀ ਚਾਹੀਦੀ ਹੈ । ਆਪਣੀ ਪਸੰਦ ਦੇ ਦ੍ਰਿਸ਼ਟੀਕੋਣ ਅਨੁਸਾਰ ਜਾਂ ਸਮਾਜ ਦੇ ਪ੍ਰਭਾਵ ਹੇਠ ਕੋਈ ਗੱਲ ਬੁਰੀ ਲੱਗੇ ਪਰ ਕੁਰਆਨ ਕਰੀਮ ਦੀ ਸਿੱਖਿਆ ਅਨੁਸਾਰ ਜਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀ ਸੁਨੱਤ ਅਨੁਸਾਰ ਉਹ ਸਹੀ ਹੈ ਤਾਂ ਉਹ ਸਹੀ ਹੈ ਅਤੇ ਉਸ ਵਿੱਚ ਕੋਈ ਬੁਰਾਈ ਨਹੀਂ । ਇਸ ਗੱਲ ਦੇ ਸਪਸ਼ਟੀਕਰਣ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਇਕ ਘਟਣਾ ਵਰਨਣ ਕਰਦੇ ਹਨ ਕਿ ਇਕ ਵਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਉਮੁੱਲ ਮੋਮਿਨੀਨ ਨੂੰ ਨਾਲ ਲੈਕੇ ਸਟੇਸ਼ਨ ਵਿੱਚ ਫਿਰ ਰਹੇ ਸਨ । ਇਹਨਾਂ ਦਿਨਾਂ ਵਿੱਚ ਪਰਦੇ ਦਾ ਭਾਵ ਬਹੁਤ ਸਖ਼ਤ ਲਿਆ ਜਾਂਦਾ ਸੀ ਬਹੁਤ ਕਰੜਾ ਪਰਦਾ ਹੁੰਦਾ ਸੀ ਇਸ ਜੁੱਗ ਵਿੱਚ । ਸਟੇਸ਼ਨ'ਤੇ ਡੋਲੀਆਂ ਵਿੱਚ ਇਸਤਰੀਆਂ ਆਉਂਦੀਆਂ ਸਨ । ਸੱਜੇ ਖੱਬੇ ਉਸਦੇ ਚਾਦਰਾਂ ਪਈਆਂ ਹੁੰਦੀਆਂ ਸਨ ਅਤੇ ਡੱਬੇ ਵਿੱਚ ਬਹਿ ਜਾਂਦੀਆਂ ਸਨ ਤਾਂ ਫਿਰ ਖਿੜਕੀਆਂ ਬੰਦ ਕਰ ਦਿੱਤੀਆਂ ਜਾਂਦੀਆਂ ਸਨ ਤਾਂ ਕਿਸੇ ਦੀ ਇਸਤਰੀਆਂ ਉਪੱਰ ਨਜ਼ਰ ਨ ਪੈ ਜਾਵੇ । ਆਪ ਫ਼ਰਮਾਉਂਦੇ ਹਨ ਕਿ ਇਹ ਪਰਦਾ ਕਸ਼ਟ ਦੇਣ ਵਾਲਾ ਸੀ ਅਤੇ ਇਸਲਾਮ ਦੀ ਸਿੱਖਿਆ ਦੇ ਵਿਰੁਧ ਸੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸਲਾਮ ਦੀ ਸਿੱਖਿਆ ਉਪੱਰ ਅਮਲ ਕਰਦੇ ਸਨ । ਹਜ਼ਰਤ ਉਮੁੱਲ ਮੋਮਿਨੀਨ ਬੁਰਕਾ ਪਹਿਨ ਲਿਆ ਕਰਦੀ ਸਨ ਅਤੇ ਸੈਰ ਲਈ ਬਾਹਰ ਚਲੀ ਜਾਂਦੀ ਸਨ । ਉਸ ਦਿਨ ਵੀ ਹਜ਼ਰਤ ਉਮੁੱਲ ਮੋਮਿਨੀਨ ਨੇ ਬੁਰਕਾ ਪਾਇਆ ਹੋਇਆ ਸੀ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪ ਜੀ ਦੇ ਨਾਲ ਪਲੇਟ ਫਾਰਮ ਉਪੱਰ ਟਹਿਲ ਰਹੇ ਸਨ । ਮੌਲਵੀ ਅਬਦੁਲ ਕਰੀਮ ਸਾਹਬ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਵੀ ਨਾਲ ਸਨ । ਮੌਲਵੀ ਅਬਦੁਲ ਕਰੀਮ ਸਾਹਬ ਦਾ ਸੁਭਾਵ ਤਿਖੱਾ ਸੀ । ਉਹਨਾਂ ਨੂੰ ਵਿਚਾਰ ਆਇਆ ਕਿ ਇਹ ਗਲਤ ਹੋ ਰਿਹਾ ਹੈ । ਆਪ ਤਾਂ ਆਖਣ ਦੀ ਜੁਰੱਤ ਨਹੀਂ ਸੀ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਕੋਲ ਗਏ ਅਤੇ ਕਿਹਾ ਕਿ ਮੌਲਵੀ ਸਾਹਬ ਇਹ ਕੀ ਗ਼ਜ਼ਬ ਹੋ ਗਿਆ ਕਲ ਅਖ਼ਬਾਰਾਂ ਵਿੱਚ ਸ਼ੋਰ ਪੈ ਜਾਵੇਗਾ ਕਿ ਮਿਰਜ਼ਾ ਸਾਹਬ ਪਲੇਟਫ਼ਾਰਮ ਉਪੱਰ ਆਪਣੀ ਪਤਨੀ ਨੂੰ ਨਾਲ ਲੈਕੇ ਫਿਰ ਰਹੇ ਸਨ, ਆਪ ਜਾਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਸਮਝਾਉਣ । ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਨੇ ਕਿਹਾ ਇਸ ਵਿੱਚ ਕੀ ਬੁਰਾਈ ਹੈ ਮੈਂਨੂੰ ਤਾਂ ਕੋਈ ਬੁਰਾਈ ਦਿਖਾਈ ਨਹੀਂ ਦੇ ਰਹੀ । ਜੇਕਰ ਆਪ ਨੂੰ ਬੁਰਾ ਲੱਗ ਰਿਹਾ ਹੈ ਤਾਂ ਆਪ ਖ਼ੁੱਦ ਜਾਕੇ ਕਹਿ ਦਿਓ । ਤਾਂ, ਫਿਰ ਮੌਲਵੀ ਅਬਦੁਲ ਕਰੀਮ ਸਾਹਬ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੋਲ ਗਏ । ਆਪ ਟਹਿਲਦਿਆਂ ਹੋਇਆਂ ਵਾਹਵਾ ਦੂਰ ਚਲੇ ਗਏ ਸਨ ਅਤੇ ਵਾਪਸ ਆਏ ਤਾਂ ਗਰਦਨ ਝੁਕੀ ਹੋਈ ਸੀ । ਹਜ਼ਰਤ ਖ਼ਲੀਫ਼ਾ ਅਵੱਲ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਮੈਂਨੂੰ ਸ਼ੌਕ ਹੋਇਆ ਕਿ ਪੁਛੱਾਂ ਕੀ ਉਤੱਰ ਮਿਲਿਆ । ਸੋ, ਮੈਂ ਪੁੱਛਿਆ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੀ ਫ਼ਰਮਾਇਆ । ਮੌਲਵੀ ਸਾਹਬ ਨੇ ਕਿਹਾ ਕਿ ਜੱਦ ਮੈਂ ਹਜ਼ੂਰ ਨੂੰ ਕਿਹਾ ਕਿ ਆਪ ਇਹ ਕੀ ਕਰ ਰਹੇ ਹਨ ਲੋਕ ਕੀ ਕਹਿਣਗੇ । ਤਾਂ ਆਪ ਨੇ ਫ਼ਰਮਾਇਆ ਅਖੀਰ ਉਹ ਕੀ ਕਹਿਣਗੇ । ਇਹੋ ਕਹਿਣਗੇ ਕਿ ਮਿਰਜ਼ਾ ਸਾਹਬ ਆਪਣੀ ਪਤਨੀ ਨਾਲ ਇਉਂ ਫਿਰ ਰਹੇ ਸਨ । ਮੌਲਵੀ ਸਾਹਬ ਸ਼ਰਮਿੰਦਿਆਂ ਹੋਕੇ ਵਾਪਸ ਆ ਗਏ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਆਪਣੀਆਂ ਪਤਨੀਆਂ ਨਾਲ ਫਿਰਨਾ ਬੁਰਾ ਨਹੀਂ ਸਮਝਦੇ ਸਨ ਅਤੇ ਜਿਸ ਗੱਲ ਦੀ ਆਗਿਆ ਇਸਲਾਮ ਨੇ ਦਿੱਤੀ ਹੈ ਉਸ ਨੂੰ ਐਬ ਨਹੀਂ ਕਿਹਾ ਜਾ ਸਕਦਾ ।

ਸੋ, ਜੇਕਰ ਕੋਈ ਮਨੁੱਖ ਕਿਸੇ ਦੂਜੇ ਉਪਰ ਇਤਰਾਜ ਕਰਦਾ ਹੈ ਤਾਂ ਉਸ ਦੇ ਇਹ ਅਰਥ ਹਨ ਕਿ ਉਹ ਇਸਲਾਮੀ ਸਿੱਖਿਆ ਉਪੱਰ ਅਮਲ ਨਹੀਂ ਕਰਦਾ, ਪਰ ਆਪ ਸ਼ਿਕਾਇਤ ਕਰਨ ਵਾਲੇ ਬਾਰੇ ਦਸੱਦੇ ਹਨ ਕਿ ਉਸ ਨੇ ਆਪਣੇ ਪਤੱਰ ਵਿੱਚ ਲਿੱਖਿਆ ਕਿ ਫ਼ਲਾਣਾ ਛੋਟੇ ਦਰਜੇ ਦਾ ਹੈ, ਫਲਾਣਾ ਕਮੀਨਾ ਹੈ, ਅਤੇ ਉਸ ਨੂੰ ਤੁਸੀਂ ਫ਼ਲਾਣਾ ਅਹੁਦਾ ਦਿੱਤਾ ਹੋਇਆ ਹੈ ਅਤੇ

ਕੁਝ ਅਜਿਹੇ ਆਰੋਪ ਲਾਏ ਜਿਸ ਬਾਰੇ ਸ਼ਰੀਅਤ ਨੇ ਗਵਾਹ ਮੰਗੇ ਹਨ । ਆਪ ਫ਼ਰਮਾਉਂਦੇ ਹਨ ਕਿ ਦੇਖੋ ਸ਼ਿਕਾਇਤ ਕਰਨ ਵਾਲੇ ਦੀ ਅਵਸਥਾ ਹੋਈ । ਪਹਿਲਾਂ ਤਾਂ ਉਸ ਨੇ ਆਪਣਾ ਨਾਂ ਪ੍ਰਕਟ ਨਹੀਂ ਕੀਤਾ ਫਿਰ ਜੋ ਪ੍ਰਮਾਣ ਜ਼ਰੂਰੀ ਹਨ ਉਹ ਪੇਸ ਨਹੀਂ ਕੀਤੇ । ਸ਼ਰੀਅਤ ਦੇ ਨਿਯਮਾਂ ਤੋਂ ਨ ਮੈਂ ਆਜ਼ਾਦ ਹਾਂ ਨ ਹੀ ਹਜ਼ਰਤ ਮਸੀਹ ਮੌਊਦ ਅਲੈਹਿ ਸਲੂਾਮ ਅਜ਼ਾਦ ਹਨ । ਰਸੂਲੇ ਕਰਕੀਮ ਸਲਲੱਾਹੁ ਅਲੈਹਿ ਵਸਲਮ ਆਪ ਸ਼ਰੀਅਤ ਦੇ ਨਿਯਮਾ ਉਪੱਰ ਮਜਬੂਰ ਸਨ । ਸੋ, ਉਸ ਮਨੁੱਖ ਨੇ ਅਜਿਹੇ ਇਤਰਾਜ਼ ਕੀਤੇ ਹਨ ਜਿੰਨ੍ਹਾ ਦੀ ਸ਼ਰੀਅਤ ਸੀਮਾ ਬਨ੍ਹਦੀ ਹੈ ਅਤੇ ਸ਼ਰੀਤ ਨੇ ਉਹਨਾਂ ਲਈ ਗਵਾਹ ਦਾ ਜੋ ਤਰੀਕਾ ਨਿਰਧਾਰਤ ਕੀਤਾ ਹੈ, ਓਸ ਤਰੀਕੇ ਉਪੱਰ ਚਲਣਾ ਜ਼ਰੂਰੀ ਹੈ ਪਰ ਉਹ ਕਹਿੰਦਾ ਹੈ ਕਿ ਫਲਾਣੇ ਨੇ ਕੁਰਆਨ ਕਰੀਮ ਦਾ ਫਲਾਣਾ ਆਦੇਸ਼ ਤੋੜਿਆ ਹੈ ਉਸ ਨੂੰ ਦੰਡ ਦਿਓ ਪਰ ਮੈਂਨੂੰ ਕੁਝ ਨ ਕਹੋ ।

ਇਤਰਾਜ਼ ਕਰਨ ਵਾਲੇ ਗ਼ਲਤ ਜਾਂ ਠੀਕ ਇਤਰਾਜ਼ ਕਰਦੇ ਹਨ, ਪਰ ਇਤਰਾਜ ਕਰਨ ਦਾ ਤਰੀਕਾ ਦੋਸ਼ੀਆਂ ਵਾਲਾ ਹੁੰਦਾ ਹੈ ਅਤੇ ਇਸ ਪ੍ਰਕਾਰ ਉਸ ਨੂੰ ਦੰਡ ਦੁਆਉਂਦੇ ਦੁਆਉਂਦੇ ਆਪ ਦੰਡ ਦਾ ਪਾਤਰ ਹੋ ਜਾਂਦਾ ਹੈ ਅਤੇ ਫ਼ਿਰ ਰੌਲ੍ਹਾ ਪਾਉਂਦੇ ਹਨ ਕਿ ਦੋਸ਼ੀ ਨੂੰ ਕੋਈ ਫੜਦਾ ਨਹੀਂ, ਜੋ ਧਿਆਨ ਦੁਆਉਂਦਾ ਹੈ ਉਸ ਨੂੰ ਦੰਡ ਦੇ ਦਿੰਦੇ ਹਨ । ਪਰ ਦੰਡ ਦੇਣ ਵਾਲੇ ਕੀ ਕਰਣ, ਉਹ ਵੀ ਤਾਂ ਸ਼ਰੀਅਤ ਦੇ ਅਧੀਨ ਹਨ । ਜੇਕਰ ਕੁਰਆਨ ਕਰੀਮ ਦੀ ਹੁਕੂਮਤ ਕਾਇਮ ਕਰਨਾ ਚਾਹੁੰਦੇ ਹੋ ਤਾਂ ਆਪਣੇ ਉਪੱਰ ਵੀ ਰਬ ਦੀ ਹੁਕੂਮਤ ਕਾਇਮ ਕਰੋ । ਜੇਕਰ ਤੁਸੀਂ ਚਾਹੁੰਦੇ ਹੋ ਕਿ ਦੂਜਿਆਂ ਉਪੱਰ ਤਾਂ ਰੱਬ ਦੀ ਹੁਕੂਮਤ ਕਾਇਮ ਹੋਵੇ ਅਤੇ ਪਰ ਤੁਹਾਡੇ ਉਪੱਰ ਰੱਬ ਦੀ ਹੁਕੂਮਤ ਕਾਇਮ ਨ ਹੋਵੇ ਤਾਂ ਇਹ ਠੀਕ ਗੱਲ ਨਹੀਂ ਹੈ । ਇਸ ਲਈ ਮੈਂ ਸ਼ਿਕਾਇਤ ਕਰਨ ਵਾਲਿਆਂ ਨੂੰ ਕਹਿੰਦਾ ਹਾਂ ਕਿ "ਇਯਾਜ਼ ਕਦਰੇ ਖ਼ੁਦ ਬ-ਸ਼ਨਾਜ਼" ਕਿ ਇਯਾਜ਼ ਪਹਿਲਾਂ ਤੂੰ ਆਪਣੀਆਂ ਕਦਰਾਂ ਤੇ ਸਿਥਿਤੀ ਨੂੰ ਚੇਤੇ ਰੱਖ ਤੇ ਪਛਾਣ । ਨਾਂ ਲੁਕਾਉਣ ਵਾਲੇ ਆਪਣਾ ਨਾਂ ਲੁਕਾ ਕੇ ਦੂਜਿਆਂ ਉਪੱਰ ਆਰੋਪ ਲਾਉਂਦੇ ਹਨ ਕਿ ਉਹਨਾਂ ਦੀ ਕੋਈ ਹੈਸੀਯਤ (ਸਿਥਿਤੀ) ਨਹੀਂ ਹੈ । ਆਰੋਪ ਲਾਉਣ ਵਾਲੇ ਅਸਲ ਵਿੱਚ ਆਪ ਬੇ ਹੈਸੀਯਤ ਹੁੰਦੇ ਹਨ । ਅਸੀਂ ਤਾਂ ਰੱਬ ਦੇ ਆਦੇਸ਼ਾਂ ਉਪੱਰ ਚਲਣਾ ਹੈ ਅਤੇ ਅਲੱਾਹ ਹੀ ਜੋ ਸਾਡਾ ਵੀ ਰੱਬ ਹੈ ਅਤੇ ਸਾਰਿਆਂ ਦਾ ਰੱਬ ਹੈ, ਉਹ ਰੋਜ਼ੀ ਵੀ ਦਿੰਦਾ ਹੈ ਅਤੇ ਪਾਲਦਾ ਹੈ ਅਤੇ ਜੱਦ ਰੱਬ ਤੋਂ ਅਸੀਂ ਸਭ ਕੁਝ ਲੈ ਰਹੇ ਹਾਂ ਤਾਂ ਫਿਰ ਗੱਲ ਵੀ ਰੱਬ ਦੀ ਮੰਨੀ ਜਾਵੇਗੀ ਨ ਕਿ ਉਹਨਾਂ ਆਰੋਪ ਲਾਉਣ ਵਾਲਿਆਂ ਦੀ । ਜਿਵੇਂ ਕਿ ਮੈਂ ਕਿਹਾ ਇਹ ਲੋਕ ਸ਼ਿਕਾਇਤਾਂ ਲਾਉਣ ਵਾਲੇ ਚਾਹੁੰਦੇ ਹਨ ਕਿ ਦੂਜਿਆਂ ਨੂੰ ਸ਼ਰੀਅਤ ਅਨੁਸਾਰ ਦੰਡ ਦਿੱਤਾ ਜਾਵੇ ਅਤੇ ਆਪ ਆਪਣੇ ਆਪ ਨੂੰ ਸ਼ਰੀਅਤ ਦੇ ਆਦੇਸ਼ਾਂ ਤੋਂ ਬਾਹਰ ਕੱਢ ਲੈਂਦੇ ਹਨ, ਬਰੀ ਕਰ ਦਿੰਦੇ ਹਨ । ਆਪ ਹੀ ਆਪਣੇ ਨਿਆਏਕਾਰ ਬਣ ਜਾਂਦੇ ਹਨ । ਅਜਿਹੇ ਲੋਕਾਂ ਨੂੰ ਜੱਦ ਗੱਲ ਸਾਹਮਣੇ ਆਵੇਗੀ, ਖੁੱਲੇਗੀ ਤਾਂ ਫਿਰ ਉਹਨਾਂ ਨੂੰ ਸ਼ਰੀਅਤ ਅਨੁਸਾਰ ਹੀ ਦੰਡ ਮਿਲੇਗਾ ।

ਕੁਝ ਅਜਿਹੀਆਂ ਗਲੱਾਂ ਹਨ ਜਿੱਥੇ ਗਵਾਹਾਂ ਦੀ ਲੋੜ ਹੁੰਦੀ ਹੈ । ਜੇਕਰ ਗਵਾਹ ਪੇਸ਼ ਨਹੀਂ ਹੁੰਦੇ ਤਾਂ ਫਿਰ ਉਸ ਗੱਲ ਦੀ ਕੋਈ ਮਹਤੱਾ ਨਹੀਂ ਹੁੰਦੀ । ਬਹਿਰਹਾਲ ਸ਼ਰੀਅਤ ਅਨੁਸਾਰ ਕੁਰਆਨ ਕਰੀਮ ਅਨੁਸਾਰ ਫਿਰ ਉਸਦਾ ਫ਼ੈਸਲਾ ਹੋਵੇਗਾ । ਕਈ ਵਾਰ ਕਿਹਾ ਜਾਂਦਾ ਹੈ ਕਿ ਉਸ ਨੇ ਝੂਠੀ ਕਸਮ ਖਾ ਲਈ ਅਤੇ ਆਪਣੇ ਆਪ ਨੂੰ ਬਚਾ ਲਿਆ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਕੋਲ ਇਕ ਵਾਰ ਅਜਿਹਾ ਮਾਮਲਾ ਆਇਆ, ਦੋ ਝਗੜਨ ਵਾਲੇ ਆਏ ਤਾਂ ਆਪ ਨੇ ਫ਼ਰਮਾਇਆ ਕਿ ਰੱਬ ਦੇ ਆਦੇਸ਼ ਅਨੁਸਾਰ ਇਕ ਜਣਾ ਕਸਮ (ਸਹੁੰ) ਖਾਵੇਗਾ । ਦੂਜੇ ਨੇ ਕਿਹਾ ਇਹ ਤਾਂ ਝੂਠਾ ਹੈ, ਇਹ ਤਾਂ ਸੌ ਸਹੁੰਆਂ ਵੀ ਖਾ ਲਏਗਾ ਤਾਂ ਆਪ ਨੇ ਫ਼ਰਮਾਇਆ ਕਿ ਮੈਂ ਤਾਂ ਰੱਬ ਦੇ ਆਦੇਸ਼ ਅਨੁਸਾਰ ਫ਼ੈਸਲਾ ਕਰਨਾ ਹੈ, ਜੇਕਰ ਇਹ ਝੂਠੀਆਂ ਸਹੁੰਆ ਖਾਂਦਾ ਹੈ ਤਾਂ ਇਸ ਦਾ ਮਾਮਲਾ ਫਿਰ ਰੱਬ ਨਾਲ ਹੈ ਉਹ ਆਪ ਹੀ ਇਸ ਨੂੰ ਦੰਡ ਦੇ ਦੇਵੇਗਾ ।

ਸੋ, ਇਹ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਕਿਸੇ ਦੀ ਸ਼ਿਕਾਇਤ ਉਪੱਰ ਫ਼ੈਸਲਾ ਕੇਵਲ ਉਸ ਦੇ ਦੱਸੇ ਹੋਏ ਉਸੂਲ ਅਨੁਸਾਰ ਨਹੀਂ ਹੋਵੇਗਾ । ਸ਼ਿਕਾਇਤ ਉਪੱਰ ਫ਼ੈਸਲਾ ਰੱਬ ਦੇ ਦੱਸੇ ਹੋਏ ਤਰੀਕੇ ਅਨੁਸਾਰ ਹੋਵੇਗਾ, ਜਿੱਥੇ ਦੋ ਗਵਾਹਾਂ ਦੀ ਲੋੜ ਹੈ, ਉੱਥੇ ਦੋ ਗਵਾਹ ਪੇਸ਼ ਕਰਨੇ ਹੋਣਗੇ, ਜਿੱਥੇ ਚਾਰ ਗਵਾਹਾਂ ਦੀ ਲੋੜ ਹੈ ਉੱਥੇ ਚਾਰ ਗਵਾਹ ਪੇਸ਼ ਕਰਨੇ ਹੋਣਗੇ ਅਤੇ ਉਸ

ਅਨੁਸਾਰ ਹੀ ਫਿਰ ਪੁੱਛ ਪੜਤਾਲ ਹੋਵੇਗੀ ਅਤੇ ਫ਼ੈਸਲਾ ਵੀ ਹੋਵੇਗਾ । ਸਾਡੀ ਸਫ਼ਲਤਾ ਇਸੇ ਵਿੱਚ ਹੈ ਕਿ ਅਸੀਂ ਰੱਬ ਦੇ ਆਦੇਸ਼ਾਂ ਅਨੁਸਾਰ ਆਪਣੇ ਮਾਮਲੇ ਤੇ ਫ਼ੈਸਲੇ ਕਰਨ ਵਾਲੇ ਬਣੀਏ ਅਤੇ ਆਪਣੇ ਵਿਅਕਤੀਗੱਤ ਹਉਮੈਂ ਤੇ ਹੰਕਾਰ ਨੂੰ ਆਪਣਾ ਮੁੱਢ ਬਣਾਕੇ ਪ੍ਰਬੰਧਕਾਂ ਨੂੰ ਮਜਬੂਰ ਕਰਨ ਵਾਲੇ ਜਾਂ ਸਮੇਂ ਦੇ ਖ਼ਲੀਫ਼ਾ ਨੂੰ ਮਜਬੂਰ ਕਰਨ ਵਾਲੇ ਨ ਬਣੀਏ ਕਿ ਇਸ ਅਨੁਸਾਰ ਫ਼ੈਸਲੇ ਕੀਤੇ ਜਾਣ । ਅਲੱਾਹ ਤਆਲਾ ਸ਼ਿਕਾਇਤ ਕਰਨ ਵਾਲਿਆਂ ਨੂੰ ਵੀ ਅਕਲ ਦੇਵੇ ਕਿ ਜੇਕਰ ਉਹ ਠੀਕ ਸਮਝਦੇ ਹਨ ਤਾਂ ਫਿਰ ਖੁੱਲਕੇ ਸਾਰਿਆਂ ਸਬੂਤਾਂ ਸਣੇ ਸ਼ਿਕਾਇਤ ਕਰਨ ਜਿਸ ਵਿੱਚ ਉਹਨਾਂ ਦਾ ਨਾਂ ਪਤਾ ਵੀ ਹੋਵੇ ਅਤੇ ਫਿਰ ਪੁੱਛ ਪੜਤਾਲ ਵਿੱਚ ਉਹ ਵੀ ਸ਼ਾਮਲ ਹੋਣਗੇ । ਇਸੇ ਪ੍ਰਾਕਾਰ ਜੱਦ ਲੋਕ ਦੇਖਦੇ ਹਨ ਕਿ ਵਾਸਤਵ ਵਿੱਚ ਜਮਾਤੀ ਵਿਵਸਥਾ ਵਿੱਚ ਕੋਈ ਵਿਗਾੜ ਪੈ ਰਿਹਾ ਹੈ ਤਾਂ ਫਿਰ ਜੁਰੱਤ ਕਰਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਸ਼ਿਕਾਇਤ ਕਰਨੀ ਚਾਹੀਦੀ ਹੈ ਅਤੇ ਹਰ ਚੀਜ਼ ਦਾ ਫਿਰ ਮੁਕਾਬਲਾ ਕਰਨਾ ਚਾਹੀਦਾ ਹੈ । ਇਸੇ ਪ੍ਰਕਾਰ ਅਲੱਾਹ ਤਆਲਾ ਨਿਜ਼ਾਮੇ ਜਮਾਤ (ਜਮਾਤੀ ਵਿਵਸਥਾ) ਨੂੰ ਵੀ ਤੌਫ਼ੀਕ ਪ੍ਰਦਾਨ ਕਰੇ ਅਤੇ ਅਕਲ ਦੇਵੇ ਕਿ ਸਮੇਂ ਦੇ ਖ਼ਲੀਫ਼ਾ ਵੱਲੋਂ ਜੋ ਨਿਯੁਕਤ ਕੀਤੇ ਗਏ ਹਨ ਫ਼ੈਸਲਾ ਕਰਦੇ ਸਮੇਂ ਜੱਦ ਫ਼ੈਸਲਾ ਕਰ ਰਹੇ ਹੋਣ ਤਾਂ ਨਿਆਂ ਦੇ ਹਰ ਪੱਖ ਨੂੰ ਮੱਦੇਨਜ਼ਰ ਰਖੱਦਿਆਂ ਹੋਇਆ ਅਤੇ ਰੱਬ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆਂ ਅਤੇ ਸੁਨੱਤੇ ਰਸੂਲ ਅਨੁਸਾਰ ਫ਼ਸਲਾ ਕਰਨ ਵਾਲੇ ਬਣਨ ।

ਖ਼ੁਤਬੇ ਦੀ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਮੈਂ ਜਨਾਜ਼ਾਹ ਗ਼ੈਬ ਵੀ ਪੜ੍ਹਵਾਂਗਾ । ਪਹਿਲਾ ਜਨਾਜ਼ਾਹ ਇਕ ਸ਼ਹੀਦ ਦਾ ਹੈ, ਮੁਕਰੱਮ ਸ਼ੇਖ਼ ਸਾਜਿਦ ਮਹਮੂਦ ਸਾਹਬ ਸਪੁਤੱਰ ਸ਼ੇਖ਼ ਮਜੀਦ ਅਹਮਦ ਸਾਹਬ, ਇਹਨਾਂ ਦੀ ਓਮਰ 55 ਸਾਲ ਸੀ । ਹਲਕਾ ਗੁਲਜ਼ਾਰ ਹਿਜਰੀ ਜ਼ਿਲਾ ਕਰਾਚੀ ਵਿੱਚ ਰਹਿੰਦੇ ਸਨ । ਵਿਰੋਧੀਆਂ ਨੇ 27 ਨਵੰਬਰ 2016 ਈ. ਨੂੰ ਮਗ਼ਰਿਬ ਦੀ ਨਮਾਜ਼ ਸਮੇਂ ਘਰ ਦੇ ਬਾਹਰ ਫ਼ਾਇਰਿੰਗ ਕਰਕੇ ਸ਼ਹੀਦ ਕਰ ਦਿਤੱਾ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । إِنَّا لِلّٰهِ وَإِنَّا إِلَيْهِ رَاجِعُونَ

ਅਗਲਾ ਜਨਾਜ਼ਾਹ ਮੁਕਰੱਮ ਸ਼ੇਖ਼ ਅਬਦੁਲ ਕਦੀਰ ਸਾਹਬ ਸਪੁਤੱਰ ਸ਼ੇਖ਼ ਅਬਦੁਲ ਕਰੀਮ ਸਾਹਬ ਦਾ ਹੈ ਜੋ ਕਾਦੀਆਂ ਵਿੱਚ ਦਰਵੇਸ਼ ਸਨ 26 ਨਵੰਬਰ 2016 ਈ. ਨੂੰ ਦਿਲ ਦੀ ਗਤੀ ਬੰਦ ਹੋ ਜਾਣ ਕਰਕੇ 92 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।إِنَّا لِلّٰهِ وَإِنَّا إِلَيْهِ رَاجِعُونَ

ਤੀਜਾ ਨਮਾਜ਼ ਜਨਾਜ਼ਾਹ ਤਨਵੀਰ ਅਹਮਦ ਲੋਨ ਸਾਹਬ ਨਾਸਿਰਾਬਾਦ ਕਸ਼ਮੀਰ ਦਾ ਹੈ, ਇਹ ਪੁਲਿਸ ਵਿੱਚ ਸਨ 25 ਨਵੰਬਰ ਨੂੰ ਡਿਊਟੀ ਸਮੇਂ ਕੋਲਗਾਮ ਵਿੱਚ ਅਣਪਛਾਤੇ ਬੰਦੂਕ ਧਾਰੀਆਂ ਦੀ ਫ਼ਾਇਰਿੰਗ ਕਰਕੇ ਵਫ਼ਾਤ ਪਾ ਗਏ । ਇਹ ਵੀ ਸ਼ਹੀਦ ਦਾ ਦਰਜਾ ਹੀ ਰਖੱਦੇ ਹਨ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।إِنَّا لِلّٰهِ وَإِنَّا إِلَيْهِ رَاجِعُونَ

ਹਜ਼ੂਰ ਅਨਵਰ ਨੇ ਤਿੰਨੇ ਮਰਹੂਮੀਨ ਦੇ ਬਿਬਰਣ ਤੇ ਸਦਗੁਣਾ ਨੂੰ ਵਰਨਣ ਕੀਤਾ ।

**Khulasa Khutba Jumma 02.12.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131